Australian Government
Department of Home Affairs

# ਸੁਰੱਖਿਆ ਵੀਜ਼ੇ ਸ਼ਰਣ ਮੰਗਣ ਵਾਲਿਆਂ ਲਈ ਹਨ

ਬਹੁਤ ਸਾਰੇ ਦੇਸ਼ਾਂ ਦੀ ਤਰ੍ਹਾਂ, ਆਸਟ੍ਰੇਲੀਆ ਕੋਲ ਵੀ ਸ਼ਰਣ ਮੰਗਣ ਵਾਲਿਆਂ ਨੂੰ ਸੁਰੱਖਿਆ ਦੇਣ ਲਈ ਵੀਜ਼ੇ ਹਨ।

ਸੁਰੱਖਿਆ ਵੀਜ਼ਾ (ਉਪ-ਸ਼੍ਰੇਣੀ 866) ਇੱਕ ਅਜਿਹੇ ਵਿਅਕਤੀ ਨੂੰ ਆਸਟ੍ਰੇਲੀਆ ਵਿੱਚ ਪੱਕੇ ਤੌਰ 'ਤੇ ਰਹਿਣ ਦੀ ਆਗਿਆ ਦਿੰਦਾ ਹੈ ਜਿਸਨੂੰ ਆਪਣੇ ਦੇਸ਼ ਵਿੱਚ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਏ ਜਾਣ ਜਾਂ ਜ਼ੁਲਮ ਕੀਤੇ ਜਾਣ ਦਾ ਅਸਲੀ ਜ਼ੋਖਮ ਹੁੰਦਾ ਹੈ। ਸੁਰੱਖਿਆ ਵੀਜ਼ਾ ਉਹਨਾਂ ਲੋਕਾਂ ਲਈ ਨਹੀਂ ਹੈ ਜੋ ਸਿਰਫ਼ ਕੰਮ ਕਰਨ ਲਈ ਆਸਟ੍ਰੇਲੀਆ ਵਿੱਚ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹਨ।

ਜੇਕਰ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਤਾਂ ਤੁਸੀਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਨਹੀਂ ਦੇ ਸਕਦੇ ਹੋ। ਤੁਸੀਂ ਲਾਜ਼ਮੀ ਤੌਰ 'ਤੇ ਵੈਧ ਵੀਜ਼ੇ 'ਤੇ ਆਸਟ੍ਰੇਲੀਆ ਆਏ ਹੋਣੇ ਚਾਹੀਦੇ ਹੋ ਅਤੇ ਪਹੁੰਚਣ 'ਤੇ ਇਮੀਗ੍ਰੇਸ਼ਨ ਕਲੀਅਰ ਕੀਤਾ ਹੋਣਾ ਚਾਹੀਦਾ ਹੈ।

ਸੁਰੱਖਿਆ ਵੀਜ਼ੇ ਦੀ ਅਰਜ਼ੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਵੱਡੇ ਬਦਲਾਅ ਕੀਤੇ ਗਏ ਹਨ। ਜਿਸ ਨਾਲ ਹੁਣ ਜ਼ਿਆਦਾਤਰ ਨਵੀਆਂ ਅਰਜ਼ੀਆਂ ਦਾ ਫ਼ੈਸਲਾ ਪਿਛਲੇ ਸਾਲਾਂ ਦੇ ਮੁਕਾਬਲੇ ਲਗਭਗ 8 ਗੁਣਾ ਜਲਦੀ ਕੀਤਾ ਜਾਂਦਾ ਹੈ। ਇਸਦਾ ਮਤਲਬ ਹੈ ਕਿ ਲੋੜਵੰਦਾਂ ਨੂੰ ਸੁਰੱਖਿਆ ਵੀਜ਼ਾ ਜਲਦੀ ਮਿਲੇਗਾ ਅਤੇ ਉਹਨਾਂ ਨੂੰ ਜਲਦੀ ਇਨਕਾਰ ਕਰ ਦਿੱਤਾ ਜਾਵੇਗਾ ਜੋ ਸਿਰਫ਼ ਕੰਮ ਕਰਨ ਜਾਂ ਆਸਟ੍ਰੇਲੀਆ ਵਿੱਚ ਆਪਣਾ ਰਹਿਣ ਦਾ ਸਮਾਂ ਵਧਾਉਣ ਲਈ ਸੁਰੱਖਿਆ ਵੀਜ਼ਾ ਲਈ ਅਰਜ਼ੀ ਦਿੰਦੇ ਹਨ।

ਜੇਕਰ ਤੁਹਾਨੂੰ ਆਸਟ੍ਰੇਲੀਆ ਵਿੱਚ ਸ਼ਰਣ ਲੈਣ ਦੀ ਲੋੜ ਨਹੀਂ ਹੈ, ਤਾਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਨਾ ਦਿਓ। ਅਸੀਂ ਉਨ੍ਹਾਂ ਬਿਨੈਕਾਰਾਂ ਦੀ ਅਰਜ਼ੀ ਜਲਦੀ ਰੱਦ ਕਰ ਦਿੰਦੇ ਹਾਂ ਜੋ ਸੁਰੱਖਿਆ ਵੀਜ਼ੇ ਦੇ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ ਹਨ।

ਜੇਕਰ ਤੁਸੀਂ ਸੁਰੱਖਿਆ ਵੀਜ਼ਾ (ਉਪ-ਸ਼੍ਰੇਣੀ 866) ਲਈ ਅਰਜ਼ੀ ਦੇਣ ਬਾਰੇ ਸੋਚ ਰਹੇ ਹੋ, ਤਾਂ ਅਸੀਂ ਤੁਹਾਨੂੰ ਕਿਸੇ ਸ਼ਰਨਾਰਥੀ ਅਤੇ ਪ੍ਰਵਾਸ ਕਾਨੂੰਨ ਦੇ ਮਾਹਰ ਸੇਵਾ ਪ੍ਰਦਾਤਾ ਕੋਲੋਂ **ਮੁਫ਼ਤ ਕਾਨੂੰਨੀ ਮੱਦਦ** ਲੈਣ ਲਈ ਪੁਰਜ਼ੋਰ ਉਤਸ਼ਾਹਿਤ ਕਰਦੇ ਹਾਂ।


- ਵਧੇਰੇ ਤੇਜ਼ ਵੀਜ਼ਾ ਨਿਪਟਾਰਾ ਪ੍ਰਕਿਰਿਆ
- ਸੁਰੱਖਿਆ ਸ਼ਰਣ ਮੰਗਣ ਵਾਲਿਆਂ ਲਈ ਹੈ
- ਮੁਫ਼ਤ ਕਾਨੂੰਨੀ ਮੱਦਦ
- ਤੁਹਾਡੀਆਂ ਜ਼ਿੰਮੇਵਾਰੀਆਂ
- ਯਾਤਰਾ ਸੰਬੰਧੀ ਪਾਬੰਦੀਆਂ
- ਸਹੀ ਸਲਾਹ ਲਓ
- ਗ਼ੈਰ-ਕਾਨੂੰਨੀ ਵੀਜ਼ਾ ਸਲਾਹਕਾਰਾਂ ਤੋਂ ਸਾਵਧਾਨ ਰਹੋ
- ਜੇਕਰ ਤੁਹਾਨੂੰ ਸੁਰੱਖਿਆ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ
- ਜੇਕਰ ਤੁਸੀਂ ਕਿਸੇ ਜਾਇਜ਼ ਵੀਜ਼ੇ ਤੋਂ ਬਿਨਾਂ ਆਸਟ੍ਰੇਲੀਆ ਵਿੱਚ ਠਹਿਰਦੇ ਹੋ
- ਹੋਰ ਵੀਜ਼ਾ ਵਿਕਲਪ
- ਮਿਆਦ ਖ਼ਤਮ ਹੋ ਰਹੇ ਵੀਜ਼ੇ ਨਾਲ ਮੱਦਦ
- ਤੁਹਾਡੀ ਵੀਜ਼ਾ ਅਰਜ਼ੀ ਬਾਰੇ ਮੱਦਦ

# ਵਧੇਰੇ ਤੇਜ਼ ਵੀਜ਼ਾ ਨਿਪਟਾਰਾ ਪ੍ਰਕਿਰਿਆ

ਸਰਕਾਰ ਦੁਆਰਾ ਪੇਸ਼ ਕੀਤੇ ਗਏ ਨਵੇਂ ਬਦਲਾਵਾਂ ਦੇ ਤਹਿਤ, ਹੁਣ ਸੁਰੱਖਿਆ ਵੀਜ਼ੇ (ਉਪ-ਸ਼੍ਰੇਣੀ 866) ਲਈ ਜ਼ਿਆਦਾਤਰ ਨਵੀਆਂ ਅਰਜ਼ੀਆਂ ਦਾ ਫ਼ੈਸਲਾ ਪਿਛਲੇ ਸਾਲਾਂ ਦੇ ਮੁਕਾਬਲੇ ਲਗਭਗ 8 ਗੁਣਾ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ।

ਜੇਕਰ ਤੁਹਾਨੂੰ ਆਸਟ੍ਰੇਲੀਆ ਵਿੱਚ ਸੁਰੱਖਿਆ ਦੀ ਲੋੜ ਨਹੀਂ ਹੈ, ਜਾਂ ਤੁਸੀਂ ਸੁਰੱਖਿਆ ਵੀਜ਼ੇ ਦੇ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ ਹੋ, ਤਾਂ ਤੁਹਾਡੀ ਅਰਜ਼ੀ ਜਲਦੀ ਹੀ ਰੱਦ ਕਰ ਦਿੱਤੀ ਜਾਵੇਗੀ।

ਇੱਥੇ ਅਜਿਹੇ ਹੋਰ ਵੀਜ਼ੇ ਹੋ ਸਕਦੇ ਹਨ ਜੋ ਤੁਹਾਡੇ ਹਾਲਾਤਾਂ ਮੁਤਾਬਿਕ ਵਧੇਰੇ ਢੁੱਕਵੇਂ ਹੋ ਸਕਦੇ ਹਨ। ਆਪਣੇ ਲਈ ਸਹੀ ਵੀਜ਼ਾ ਲੱਭਣ ਲਈ, ਆਪਣੇ ਲਈ ਉਪਲਬਧ ਤਰੀਕਿਆਂ ਦੀ ਪੜਚੋਲ ਕਰੋ।

# ਸੁਰੱਖਿਆ ਸ਼ਰਨ ਮੰਗਣ ਵਾਲਿਆਂ ਲਈ ਹੈ

ਸੁਰੱਖਿਆ ਵੀਜ਼ਾ ਉਹਨਾਂ ਲੋਕਾਂ (ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ) ਲਈ ਹਨ, ਜਿਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਦੇ ਆਧਾਰ 'ਤੇ ਆਪਣੇ ਘਰ ਪਰਤਣ 'ਤੇ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਏ ਜਾਣ ਜਾਂ ਜ਼ੁਲਮ ਕੀਤੇ ਜਾਣ ਦੀ ਅਸਲ ਸੰਭਾਵਨਾ ਹੁੰਦੀ ਹੈ

- ਜਾਤ
- ਧਰਮ
- ਨਾਗਰਿਕਤਾ
- ਕਿਸੇ ਖ਼ਾਸ ਸਮਾਜਿਕ ਗਰੁੱਪ ਦੀ ਮੈਂਬਰਸ਼ਿਪ
- ਰਾਜਨੀਤਿਕ ਵਿਚਾਰ।

ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇਣ ਲਈ, ਤੁਸੀਂ ਆਸਟ੍ਰੇਲੀਆ ਵਿੱਚ ਲਾਜ਼ਮੀ ਤੌਰ 'ਤੇ ਕਿਸੇ ਵੈਧ ਵੀਜ਼ੇ 'ਤੇ ਹੋਣੇ ਚਾਹੀਦੇ ਹੋ ਅਤੇ ਪਹੁੰਚਣ 'ਤੇ ਇਮੀਗ੍ਰੇਸ਼ਨ ਕਲੀਅਰ ਕੀਤਾ ਹੋਣਾ ਚਾਹੀਦਾ ਹੈ।

ਆਸਟ੍ਰੇਲੀਆ ਵਿੱਚ ਆਪਣੇ ਰਹਿਣ ਦੇ ਸਮੇਂ ਨੂੰ ਵਧਾਉਣ ਦੇ ਸਾਧਨ ਵਜੋਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਨਾ ਦਿਓ ਤਾਂ ਕਿ ਤੁਸੀਂ ਤਨਖ਼ਾਹਸ਼ੁਦਾ ਰੁਜ਼ਗਾਰ ਪ੍ਰਾਪਤ ਕਰ ਸਕੋ।

ਮੰਨਜ਼ੂਰ ਕੀਤੇ ਗਏ ਸੁਰੱਖਿਆ ਵੀਜ਼ਾ ਦੀਆਂ ਅਰਜ਼ੀਆਂ ਨਾਲੋਂ ਕਿਤੇ ਜ਼ਿਆਦਾ ਵਧੇਰੇ ਅਰਜ਼ੀਆਂ ਰੱਦ ਹੁੰਦੀਆਂ ਹਨ। 85% ਤੋਂ ਵੱਧ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ, ਕਿਉਂਕਿ ਉਹ ਇਸ ਵੀਜ਼ੇ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੀਆਂ ਹਨ। ਕੁੱਝ ਕੁ ਦੇਸ਼ਾਂ ਦੀ ਨਾਗਰਿਕਤਾ ਵਾਲੀਆਂ ਅਰਜ਼ੀਆਂ ਦੇ ਰੱਦ ਹੋਣ ਦੀ ਦਰ ਲਗਭਗ 100% ਹੈ।

ਜੇਕਰ ਤੁਹਾਡੀ ਸੁਰੱਖਿਆ ਵੀਜ਼ੇ ਲਈ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਅਤੇ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ, ਤਾਂ ਤੁਹਾਨੂੰ ਆਸਟ੍ਰੇਲੀਆ ਨੂੰ ਛੱਡਣਾ ਪਵੇਗਾ। ਜੇਕਰ ਤੁਹਾਡੇ ਕੋਲ ਕੋਈ ਜਾਇਜ਼ ਵੀਜ਼ਾ ਨਹੀਂ ਹੈ, ਤਾਂ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਆਸਟ੍ਰੇਲੀਆ ਵਿੱਚੋਂ ਕੱਢਿਆ ਜਾ ਸਕਦਾ ਹੈ।

ਰੱਦ ਕੀਤੀ ਗਈ ਸੁਰੱਖਿਆ ਵੀਜ਼ੇ ਦੀ ਅਰਜ਼ੀ ਤੁਹਾਡੇ ਇਮੀਗ੍ਰੇਸ਼ਨ ਰਿਕਾਰਡ ਵਿੱਚ ਜ਼ਿੰਦਗੀ ਭਰ ਲਈ ਰਹੇਗੀ। ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਭਵਿੱਖ ਵਿੱਚ ਆਸਟ੍ਰੇਲੀਆ ਦਾ ਦੌਰਾ ਕਰਨਾ ਹੋਰ ਵੀ ਔਖਾ ਬਣਾ ਸਕਦੀ ਹੈ ਅਤੇ ਤੁਹਾਡੇ ਦੁਆਰਾ ਅਪਲਾਈ ਕੀਤੇ ਗਏ ਵੀਜ਼ੇ ਦੇ ਆਧਾਰ 'ਤੇ ਦੂਜੇ ਦੇਸ਼ਾਂ ਲਈ ਭਵਿੱਖੀ ਵੀਜ਼ਾ ਅਰਜ਼ੀਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਜਦੋਂ ਤੁਸੀਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿੰਦੇ ਹੋ, ਤਾਂ ਤੁਸੀਂ ਆਪਣੇ ਮੂਲ ਦੇਸ਼ ਤੋਂ ਆਸਟ੍ਰੇਲੀਆ ਵਿੱਚ ਸ਼ਰਨ ਮੰਗ ਰਹੇ ਹੁੰਦੇ ਹੋ।

ਜੇਕਰ ਤੁਸੀਂ ਸੁਰੱਖਿਆ ਵੀਜ਼ਾ ਲਈ ਅਰਜ਼ੀ ਦਿੰਦੇ ਹੋ, ਤਾਂ ਤੁਸੀਂ ਘੋਸ਼ਣਾ ਕਰ ਰਹੇ ਹੋ ਕਿ ਹੇਠਾਂ ਦਿੱਤਿਆਂ ਵਿੱਚੋਂ ਇੱਕ ਜਾਂ ਦੋਵੇਂ ਸਹੀ ਹਨ:

- ਤੁਸੀਂ ਬਹੁਤ ਜ਼ਿਆਦਾ ਨੁਕਸਾਨ ਪਹੁੰਚੇ ਜਾਂ ਜ਼ੁਲਮ ਕੀਤੇ ਜਾਣ ਦੇ ਅਸਲੀ ਜ਼ੋਖਮ ਦਾ ਸਾਹਮਣਾ ਕੀਤੇ ਬਿਨਾਂ ਘਰ ਨਹੀਂ ਜਾ ਸਕਦੇ ਹੋ।
- ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਪਰਿਵਾਰਕ ਮੈਂਬਰ ਹੋ ਜਿਸਨੇ ਅਜਿਹੇ ਦਾਅਵੇ ਕੀਤੇ ਹਨ।

ਜੇਕਰ ਤੁਸੀਂ ਕਾਨੂੰਨੀ ਤੌਰ 'ਤੇ ਕਿਸੇ ਹੋਰ ਦੇਸ਼ (ਤੁਹਾਡੇ ਮੂਲ ਦੇਸ਼ ਤੋਂ ਇਲਾਵਾ) ਵਿੱਚ ਦਾਖ਼ਲ ਹੋ ਸਕਦੇ ਅਤੇ ਸੁਰੱਖਿਅਤ ਢੰਗ ਨਾਲ ਰਹਿ ਸਕਦੇ ਹੋ, ਤਾਂ ਤੁਹਾਨੂੰ ਸੁਰੱਖਿਆ ਵੀਜ਼ਾ ਨਹੀਂ ਮਿਲੇਗਾ।

ਤੁਸੀਂ ਸਿਰਫ਼ ਉਸੇ ਸੂਰਤ ਵਿੱਚ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿਓ ਜੇਕਰ ਤੁਹਾਨੂੰ **ਆਸਟ੍ਰੇਲੀਆ ਵਿੱਚ ਸ਼ਰਨ ਦੀ ਲੋੜ** ਹੈ।

ਆਸਟ੍ਰੇਲੀਆ ਦੀਆਂ ਸੁਰੱਖਿਆ ਜ਼ਿੰਮੇਵਾਰੀਆਂ ਬਾਰੇ ਹੋਰ ਪੜ੍ਹੋ।

# ਮੁਫ਼ਤ ਕਾਨੂੰਨੀ ਮੱਦਦ

ਜੇਕਰ ਤੁਸੀਂ ਸੁਰੱਖਿਆ ਵੀਜ਼ਾ (ਉਪ-ਸ਼੍ਰੇਣੀ 866) ਲਈ ਅਰਜ਼ੀ ਦੇਣ ਬਾਰੇ ਸੋਚ ਰਹੇ ਹੋ, ਤਾਂ ਅਸੀਂ ਤੁਹਾਨੂੰ ਅਰਜ਼ੀ ਦੇਣ ਤੋਂ ਪਹਿਲਾਂ ਆਪਣੇ ਰਾਜ ਜਾਂ ਪ੍ਰਦੇਸ਼ ਵਿੱਚ ਕਿਸੇ ਸ਼ਰਨਾਰਥੀ ਅਤੇ ਪ੍ਰਵਾਸ ਕਾਨੂੰਨ ਦੇ ਮਾਹਰ ਸੇਵਾ ਪ੍ਰਦਾਤਾ ਕੋਲੋਂ ਮੁਫ਼ਤ ਕਾਨੂੰਨੀ ਮੱਦਦ ਲੈਣ ਲਈ ਪੁਰਜ਼ੋਰ ਉਤਸ਼ਾਹਿਤ ਕਰਦੇ ਹਾਂ।

ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿਚਲੇ ਕਾਨੂੰਨੀ ਪ੍ਰਦਾਤਾਵਾਂ ਦੀ ਸੂਚੀ

| ਰਾਜ ਜਾਂ ਟੈਰੀਟਰੀ | ਨਾਮ | ਵੈੱਬਸਾਈਟ |
|---|---|---|
| Australian Capital Territory | Legal Aid ACT | www.legalaidact.org.au |
| New South Wales | Refugee Advice and Casework Service | www.racs.org.au |
| Northern Territory | Refugee Legal | www.refugeelegal.org.au |
| Queensland | Refugee and Immigration Legal Service | www.rails.org.au |
| South Australia | Legal Services Commission of SA | www.lsc.sa.gov.au |
| Tasmania | Tasmanian Refugee Legal Service | www.trls.org.au |
| Victoria | Refugee Legal | www.refugeelegal.org.au |
| Western Australia | Circle Green Community Legal | www.circlegreen.org.au |

ਇਹ ਸੇਵਾ ਪ੍ਰਦਾਤੇ ਤੁਹਾਡੀ ਇਨ੍ਹਾਂ ਚੀਜ਼ਾਂ ਵਿੱਚ ਮੱਦਦ ਕਰ ਸਕਦੇ ਹਨ:

- ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਸੁਰੱਖਿਆ ਵੀਜ਼ੇ ਲਈ ਯੋਗ ਹੋ ਜਾਂ ਕੋਈ ਹੋਰ ਵੀਜ਼ਾ ਵਧੇਰੇ ਢੁੱਕਵਾਂ ਹੈ
- ਇਸ ਅਰਜ਼ੀ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ
- ਸੁਰੱਖਿਆ ਵੀਜ਼ਾ ਰੱਦ ਹੋਣ ਦੇ ਨਤੀਜਿਆਂ ਨੂੰ ਸਮਝਣ ਵਿੱਚ
- ਜੇਕਰ ਲੋੜ ਹੋਵੇ ਤਾਂ ਸੁਰੱਖਿਆ ਵੀਜ਼ਾ ਦੀ ਅਰਜ਼ੀ ਨੂੰ ਭਰਨ ਅਤੇ ਦਰਜ ਕਰਨ ਵਿੱਚ।

ਤੁਸੀਂ ਆਪਣੇ ਰਾਜ ਜਾਂ ਪ੍ਰਦੇਸ਼ ਵਿਚਲੇ ਲੀਗਲ ਏਡ ਜਾਂ ਕਮਿਉਨਿਟੀ ਲੀਗਲ ਸੈਂਟਰ ਤੋਂ ਮੁਫ਼ਤ ਕਾਨੂੰਨੀ ਮੱਦਦ ਵੀ ਲੈ ਸਕਦੇ ਹੋ।

# ਤੁਹਾਡੀਆਂ ਜ਼ਿੰਮੇਵਾਰੀਆਂ

ਜਦੋਂ ਤੁਸੀਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿੰਦੇ ਹੋ, ਤਾਂ ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਸੱਚੀ ਅਤੇ ਸਹੀ ਹੈ, ਭਾਵੇਂ ਕਿ ਕੋਈ ਹੋਰ ਵਿਅਕਤੀ ਤੁਹਾਡੇ ਲਈ ਅਰਜ਼ੀ ਭਰਦਾ ਅਤੇ ਜਮ੍ਹਾਂ ਕਰਦਾ ਹੈ।

ਤੁਹਾਨੂੰ ਇਹ ਸਮਝੇ ਬਗ਼ੈਰ ਕਿਸੇ ਨੂੰ ਵੀ ਤੁਹਾਡੇ ਲਈ ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇਣ ਦੀ ਆਗਿਆ ਨਹੀਂ ਦੇਣੀ ਚਾਹੀਦੀ ਹੈ ਕਿ ਤੁਸੀਂ ਕਿਸ ਲਈ ਅਰਜ਼ੀ ਦੇ ਰਹੇ ਹੋ ਅਤੇ ਅਰਜ਼ੀ ਵਿੱਚ ਕਿਹੜੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਆਸਟ੍ਰੇਲੀਆ ਵਿੱਚ ਰਹਿ ਰਹੇ ਭਾਈਚਾਰਿਆਂ ਦੀ ਉਹਨਾਂ ਲੋਕਾਂ ਤੱਕ ਗ਼ਲਤ ਜਾਣਕਾਰੀ ਫ਼ੈਲਣ ਤੋਂ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ ਜੋ ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇਣ ਬਾਰੇ ਵਿਚਾਰ ਕਰ ਰਹੇ ਹਨ। ਇਸ ਵਿੱਚ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣ ਦੇ ਜ਼ੋਖਮਾਂ ਅਤੇ ਅਣ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਦੀ ਸਹਾਇਤਾ ਲੈਣ ਦੇ ਖ਼ਤਰੇ ਬਾਰੇ ਜਾਗਰੂਕਤਾ ਫ਼ੈਲਾਉਣਾ ਸ਼ਾਮਿਲ ਹੈ।

ਸੁਰੱਖਿਆ ਵੀਜ਼ਾ ਅਰਜ਼ੀ ਵਿੱਚ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਜਾਂ ਝੂਠੇ ਦਸਤਾਵੇਜ਼ ਪ੍ਰਦਾਨ ਕਰਨ ਦੇ ਗੰਭੀਰ ਸਿੱਟੇ ਨਿੱਕਲਦੇ ਹਨ, ਜਿਸ ਵਿੱਚ ਭਾਰੀ ਜੁਰਮਾਨੇ, 10 ਸਾਲ ਤੱਕ ਦੀ ਸੰਭਾਵਿਤ ਕੈਦ, ਜਾਂ ਦੋਵੇਂ ਹੋਣੇ ਸ਼ਾਮਿਲ ਹਨ। ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕਦੇ ਵੀ ਆਸਟ੍ਰੇਲੀਆ ਵਿੱਚ ਵਾਪਸ ਆਉਣਾ ਵਧੇਰੇ ਔਖਾ ਬਣਾ ਸਕਦਾ ਹੈ, ਭਾਵੇਂ ਉਹ ਕਿਸੇ ਵੀ ਯਾਤਰੀ, ਵਿਦਿਆਰਥੀ, ਜਾਂ ਅਸਥਾਈ ਕੰਮਕਾਜ਼ੀ ਵੀਜ਼ਾ ਜਿਵੇਂ ਕਿ PALM ਸਕੀਮ ਵੀਜ਼ੇ ਲਈ ਹੋਵੇ।

ਜੇਕਰ ਕੋਈ ਵਿਅਕਤੀ ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇ ਰਿਹਾ ਹੈ ਅਤੇ ਉਹ ਤੁਹਾਨੂੰ ਉਹਨਾਂ ਲਈ ਸਹਾਇਤਾ ਪੱਤਰ ਲਿਖਣ ਲਈ ਕਹਿੰਦਾ ਹੈ, ਤਾਂ ਤੁਹਾਨੂੰ ਅਜਿਹਾ ਸਿਰਫ਼ ਉਸੇ ਸੂਰਤ ਵਿੱਚ ਕਰਨਾ ਚਾਹੀਦਾ ਹੈ ਜੇਕਰ ਤੁਹਾਨੂੰ ਲੱਗਦਾ ਹੈ ਕਿ ਜੇਕਰ ਉਹ ਘਰ ਪਰਤਦੇ ਹਨ ਤਾਂ ਉਹਨਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਜਾਂ ਜ਼ੁਲਮ ਕੀਤੇ ਜਾਣ ਦੇ ਜ਼ੋਖਮ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਨੂੰ ਆਪਣੇ ਰਾਜ ਜਾਂ ਪ੍ਰਦੇਸ਼ ਵਿਚਲੀ ਸ਼ਰਨਾਰਥੀ ਅਤੇ ਪ੍ਰਵਾਸ ਕਾਨੂੰਨ ਦੇ ਮਾਹਰ ਸੇਵਾ ਪ੍ਰਦਾਤਾ ਤੋਂ ਮੁਫ਼ਤ ਕਾਨੂੰਨੀ ਮੱਦਦ ਪ੍ਰਾਪਤ ਕਰਨ ਲਈ ਪ੍ਰੇਰਿਤ ਕਰੋ।

# ਯਾਤਰਾ ਸੰਬੰਧੀ ਪਾਬੰਦੀਆਂ

ਜਦੋਂ ਤੁਸੀਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿੰਦੇ ਹੋ, ਤਾਂ ਤੁਹਾਡੀ ਅਰਜ਼ੀ ਨੂੰ ਰੱਦ ਕੀਤਾ ਜਾ ਸਕਦਾ ਹੈ ਜੇਕਰ ਤੁਸੀਂ ਉਸ ਦੇਸ਼ ਵਿੱਚ ਯਾਤਰਾ ਕਰਦੇ ਹੋ ਜਿਸ ਤੋਂ ਤੁਸੀਂ ਆਸਟ੍ਰੇਲੀਆ ਵਿੱਚ ਸੁਰੱਖਿਆ ਦੀ ਮੰਗ ਕਰ ਰਹੇ ਹੋ, ਭਾਵੇਂ ਤੁਹਾਡਾ ਪਰਿਵਾਰ ਉੱਥੇ ਵੱਸਦਾ ਹੈ।

ਜੇਕਰ ਤੁਹਾਨੂੰ ਸੁਰੱਖਿਆ ਵੀਜ਼ਾ ਦੇ ਦਿੱਤਾ ਜਾਂਦਾ ਹੈ, ਤਾਂ ਤੁਸੀਂ ਆਸਟ੍ਰੇਲੀਆ ਸਰਕਾਰ ਦੀ ਆਗਿਆ ਤੋਂ ਬਿਨ੍ਹਾਂ ਉਸ ਦੇਸ਼ ਦੀ ਯਾਤਰਾ ਕਰਨ ਦੇ ਯੋਗ ਨਹੀਂ ਹੋਵੋਗੇ ਜਿਸ ਤੋਂ ਤੁਸੀਂ ਸ਼ਰਣ ਮੰਗੀ ਹੈ, ਭਾਵੇਂ ਤੁਹਾਡਾ ਪਰਿਵਾਰ ਉੱਥੇ ਵੱਸਦਾ ਹੈ।

# ਸਹੀ ਸਲਾਹ ਲਓ

ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇਣ ਬਾਰੇ ਸਲਾਹ ਸਿਰਫ਼ ਰਜਿਸਟਰਡ ਮਾਈਗ੍ਰੇਸ਼ਨ ਏਜੰਟਾਂ ਅਤੇ ਆਸਟ੍ਰੇਲੀਆਈ ਕਾਨੂੰਨੀ ਪੇਸ਼ੇਵਰਾਂ ਤੋਂ ਹੀ ਲੈਣੀ ਚਾਹੀਦੀ ਹੈ। ਤੁਸੀਂ ਕਿਸੇ ਛੋਟ ਦਿੱਤੇ ਗਏ ਵਿਅਕਤੀ ਤੋਂ ਆਮ ਇਮੀਗ੍ਰੇਸ਼ਨ ਬਾਰੇ ਸਹਾਇਤਾ ਵੀ ਲੈ ਸਕਦੇ ਹੋ।

ਛੋਟ ਦਿੱਤਾ ਗਿਆ ਵਿਅਕਤੀ ਉਹ ਹੁੰਦਾ ਹੈ ਜੋ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਕਾਨੂੰਨੀ ਪੇਸ਼ੇਵਰ ਨਹੀਂ ਹੈ ਅਤੇ :

- ਤੁਹਾਨੂੰ ਨਾਮਜ਼ਦ ਕਰਨ ਵਾਲਾ ਜਾਂ ਸਪਾਂਸਰ ਹੈ
- ਤੁਹਾਡਾ ਨਜ਼ਦੀਕੀ ਪਰਿਵਾਰਕ ਮੈਂਬਰ  ਹੈ
- ਸੰਸਦ ਮੈਂਬਰ ਹੈ
- ਰਾਜਦੂਤੀ ਮਿਸ਼ਨ ਦਾ ਮੈਂਬਰ ਹੈ
- ਕੌਂਸਲਰ ਪੋਸਟ ਦਾ ਮੈਂਬਰ ਹੈ
- ਅੰਤਰਰਾਸ਼ਟਰੀ ਸੰਸਥਾ ਦਾ ਮੈਂਬਰ ਹੈ।

ਕੋਈ ਵਿਅਕਤੀ ਜੋ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆਈ ਕਾਨੂੰਨੀ ਪੇਸ਼ੇਵਰ ਨਹੀਂ ਹੈ, ਉਹ ਮੱਦਦ ਕਰਨ ਲਈ **ਤੁਹਾਡੇ ਤੋਂ ਕੋਈ ਫ਼ੀਸ ਨਹੀਂ ਲੈ ਸਕਦਾ ਹੈ**। ਕਿਸੇ ਛੋਟ ਵਾਲੇ ਵਿਅਕਤੀ ਵੱਲੋਂ ਫ਼ੀਸ ਵਸੂਲਣਾ ਗ਼ੈਰ-ਕਾਨੂੰਨੀ ਹੈ।

ਮਾਈਗ੍ਰੇਸ਼ਨ ਏਜੰਟ ਦੀ ਰਜਿਸਟ੍ਰੇਸ਼ਨ ਅਥਾਰਟੀ ਦੇ ਦਫ਼ਤਰ (OMARA) ਦੀ ਵੈੱਬਸਾਈਟ 'ਤੇ ਜਾ ਕੇ ਤੁਸੀਂ ਔਨਲਾਈਨ ਰਜਿਸਟਰ ਵਿੱਚ ਖੋਜ ਕਰਕੇ ਇਹ ਪਤਾ ਲਗਾ ਸਕਦੇ ਹੋ ਕਿ ਕੋਈ ਵਿਅਕਤੀ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਹੈ ਕਿ ਨਹੀਂ। ਜਾਂ ਇਸ ਬਾਰੇ ਹੋਰ ਪੜ੍ਹੋ ਕਿ ਆਸਟ੍ਰੇਲੀਆ ਵਿੱਚ ਤੁਹਾਡੀ ਅਰਜ਼ੀ ਵਿੱਚ ਤੁਹਾਡੀ ਮੱਦਦ ਕੌਣ ਕਰ ਸਕਦਾ ਹੈ ।

ਰਜਿਸਟਰਡ ਮਾਈਗ੍ਰੇਸ਼ਨ ਏਜੰਟ ਦੀ ਚੋਣ ਕਰਨ ਲਈ ਕਦਮਾਂ ਦਾ ਪਤਾ ਲਗਾਓ।

ਤੁਹਾਨੂੰ ਇਹ ਸਮਝੇ ਬਗ਼ੈਰ ਕਿਸੇ ਨੂੰ ਵੀ ਤੁਹਾਡੇ ਲਈ ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇਣ ਦੀ ਆਗਿਆ ਨਹੀਂ ਦੇਣੀ ਚਾਹੀਦੀ ਹੈ ਕਿ ਤੁਸੀਂ ਕਿਸ ਲਈ ਅਰਜ਼ੀ ਦੇ ਰਹੇ ਹੋ ਅਤੇ ਅਰਜ਼ੀ ਵਿੱਚ ਕਿਹੜੀ ਜਾਣਕਾਰੀ ਦਿੱਤੀ ਜਾ ਰਹੀ ਹੈ। ਤੁਹਾਡਾ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਤੁਹਾਡੀ ਅਰਜ਼ੀ ਵਿੱਚ ਸਭ ਕੁੱਝ ਸੱਚ ਹੈ, ਭਾਵੇਂ ਕੋਈ ਹੋਰ ਤੁਹਾਡੇ ਲਈ ਇਸ ਨੂੰ ਭਰੇ ਅਤੇ ਜਮ੍ਹਾਂ ਕਰੇ।

# ਗ਼ੈਰ-ਕਾਨੂੰਨੀ ਵੀਜ਼ਾ ਸਲਾਹਕਾਰਾਂ ਤੋਂ ਸਾਵਧਾਨ ਰਹੋ

ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆਈ ਕਾਨੂੰਨੀ ਪੇਸ਼ੇਵਰ ਨਾ ਹੋਣ ਵਾਲੇ ਵਿਅਕਤੀ ਲਈ ਮਾਈਗ੍ਰੇਸ਼ਨ ਸਲਾਹ ਦੇਣ ਲਈ ਫ਼ੀਸ ਲੈਣਾ ਗ਼ੈਰ-ਕਾਨੂੰਨੀ ਹੈ। ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਸੇਵਾ ਲੈਂਦੇ ਹੋ ਜੋ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆਈ ਵਕੀਲ ਨਹੀਂ ਹੈ, ਤਾਂ ਤੁਹਾਨੂੰ ਗ਼ਲਤ ਸਲਾਹ ਮਿਲਣ ਦਾ ਖ਼ਤਰਾ ਹੈ, ਜਿਸ ਨਾਲ ਆਸਟ੍ਰੇਲੀਆ ਵਿੱਚ ਰਹਿਣ ਦਾ ਤੁਹਾਡਾ ਮੌਕਾ ਵੀ ਖ਼ਤਮ ਹੋ ਸਕਦਾ ਹੈ।

ਗ਼ੈਰ-ਕਾਨੂੰਨੀ ਸਲਾਹਕਾਰ ਅਕਸਰ ਸੋਸ਼ਲ ਮੀਡੀਆ ਅਤੇ ਔਨਲਾਈਨ ਚੈਟ ਗਰੁੱਪਾਂ ਵਿੱਚ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦਿੰਦੇ ਹਨ। ਉਹ ਕਈ ਵਾਰ ਅਰਜ਼ੀ ਦੇਣ ਵੇਲੇ ਬਿਨੈਕਾਰਾਂ ਨੂੰ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣ ਜਾਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇਣ ਵੇਲੇ ਝੂਠੇ ਦਸਤਾਵੇਜ਼ ਪ੍ਰਦਾਨ ਕਰਨ ਲਈ ਕਹਿੰਦੇ ਹਨ ਅਤੇ ਕਈ ਵਾਰ ਇਸ ਗ਼ਲਤ ਸਲਾਹ ਲਈ ਕਾਫ਼ੀ ਪੈਸੇ ਵੀ ਵਸੂਲ ਕਰਦੇ ਹਨ।

ਜੇਕਰ ਕੋਈ ਤੁਹਾਨੂੰ ਗ਼ੈਰ-ਕਾਨੂੰਨੀ ਢੰਗ ਨਾਲ ਇਮੀਗ੍ਰੇਸ਼ਨ ਸਹਾਇਤਾ ਦੇਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਤੁਸੀਂ ਸਾਨੂੰ ਇਸ ਬਾਰੇ ਬਾਰਡਰ ਵਾਚ ਔਨਲਾਈਨ ਰਿਪੋਰਟ ਦੀ ਵਰਤੋਂ ਕਰਕੇ ਦੱਸ ਸਕਦੇ ਹੋ। ਤੁਹਾਨੂੰ ਆਪਣਾ ਨਾਮ ਦੱਸਣ ਦੀ ਲੋੜ ਨਹੀਂ ਹੈ।

# ਜੇਕਰ ਤੁਹਾਨੂੰ ਸੁਰੱਖਿਆ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ

ਜੇਕਰ ਤੁਹਾਡੀ ਸੁਰੱਖਿਆ ਵੀਜ਼ੇ ਦੀ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ:

- ਜੇਕਰ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ ਤਾਂ ਤੁਹਾਨੂੰ ਆਸਟ੍ਰੇਲੀਆ ਛੱਡਣਾ ਪਵੇਗਾ
- ਤੁਹਾਨੂੰ ਅਤੇ ਤੁਹਾਡੇ ਪਰਿਵਾਰ ਲਈ ਭਵਿੱਖ ਵਿੱਚ ਆਸਟ੍ਰੇਲੀਆ ਆਉਣਾ ਵਧੇਰੇ ਔਖਾ ਹੋ ਸਕਦਾ ਹੈ
- ਰੱਦ ਕੀਤੀ ਗਈ ਅਰਜ਼ੀ ਤੁਹਾਡੇ ਇਮੀਗ੍ਰੇਸ਼ਨ ਰਿਕਾਰਡ ਵਿੱਚ ਜ਼ਿੰਦਗੀ ਭਰ ਲਈ ਰਹੇਗੀ
- ਤੁਹਾਡੇ ਦੁਆਰਾ ਵੀਜ਼ੇ ਲਈ ਦਿੱਤੀ ਗਈ ਅਰਜ਼ੀ 'ਤੇ ਨਿਰਭਰ ਕਰਦਿਆਂ, ਆਸਟ੍ਰੇਲੀਆ ਤੋਂ ਬਾਹਰ ਹੋਰ ਦੇਸ਼ਾਂ ਲਈ ਭਵਿੱਖੀ ਵੀਜ਼ਾ ਅਰਜ਼ੀਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

# ਜੇਕਰ ਤੁਸੀਂ ਕਿਸੇ ਜਾਇਜ਼ ਵੀਜ਼ੇ ਤੋਂ ਬਿਨਾਂ ਆਸਟ੍ਰੇਲੀਆ ਵਿੱਚ ਠਹਿਰਦੇ ਹੋ

ਆਸਟ੍ਰੇਲੀਆਈ ਸਰਕਾਰ ਸੁਰੱਖਿਆ ਵੀਜ਼ੇ ਲਈ ਰੱਦ ਕੀਤੇ ਗਏ ਬਿਨੈਕਾਰਾਂ ਨੂੰ ਹਿਰਾਸਤ ਵਿੱਚ ਲੈ ਰਹੀ ਹੈ ਅਤੇ ਉਨ੍ਹਾਂ ਨੂੰ ਆਸਟ੍ਰੇਲੀਆ ਤੋਂ ਕੱਢ ਰਹੀ ਹੈ ਜਿਨ੍ਹਾਂ ਕੋਲ ਹੁਣ ਆਸਟ੍ਰੇਲੀਆ ਵਿੱਚ ਰਹਿਣ ਦਾ ਅਧਿਕਾਰ ਨਹੀਂ ਹੈ। ਇਹ ਕਾਨੂੰਨ ਲਾਗੂ ਕਰਨ ਦੀਆਂ ਗਤੀਵਿਧੀਆਂ ਆਸਟ੍ਰੇਲੀਆ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਵਿੱਚ ਮੱਦਦ ਕਰਦੀਆਂ ਹਨ।

ਜੇਕਰ ਤੁਹਾਨੂੰ ਸੁਰੱਖਿਆ ਵੀਜ਼ਾ ਰੱਦ ਹੋਣ ਤੋਂ ਬਾਅਦ ਹਿਰਾਸਤ ਵਿੱਚ ਲਿਆ ਜਾਂਦਾ ਹੈ ਅਤੇ ਆਸਟ੍ਰੇਲੀਆ ਤੋਂ ਕੱਢਿਆ ਜਾਂਦਾ ਹੈ, ਤਾਂ ਤੁਹਾਨੂੰ ਆਸਟ੍ਰੇਲੀਆ ਤੋਂ ਕੱਢਣ ਦੇ ਖ਼ਰਚੇ ਵਾਪਸ ਕਰਨੇ ਪੈ ਸਕਦੇ ਹਨ। ਇਹ ਹਜ਼ਾਰਾਂ ਡਾਲਰ ਹੋ ਸਕਦੇ ਹਨ।

# ਹੋਰ ਵੀਜ਼ਾ ਵਿਕਲਪ

ਇੱਥੇ ਅਜਿਹੇ ਹੋਰ ਵੀਜ਼ੇ ਹੋ ਸਕਦੇ ਹਨ ਜੋ ਤੁਹਾਡੇ ਹਾਲਾਤਾਂ ਮੁਤਾਬਿਕ ਵਧੇਰੇ ਢੁੱਕਵੇਂ ਹੋ ਸਕਦੇ ਹਨ।

ਆਪਣੇ ਲਈ ਸਹੀ ਵੀਜ਼ਾ ਲੱਭਣ ਲਈ, ਆਪਣੇ ਲਈ ਉਪਲਬਧ ਤਰੀਕਿਆਂ ਦੀ ਪੜਚੋਲ ਕਰੋ।

# ਮਿਆਦ ਖ਼ਤਮ ਹੋ ਰਹੇ ਵੀਜ਼ੇ ਨਾਲ ਮੱਦਦ

ਇਹ ਪਤਾ ਲਗਾਉਣ ਲਈ ਕਿ ਕੀ ਤੁਹਾਡਾ ਵੀਜ਼ਾ ਜਲਦੀ ਹੀ ਖ਼ਤਮ ਹੋ ਰਿਹਾ ਹੈ ਜਾਂ ਪਹਿਲਾਂ ਹੀ ਮੁੱਕ ਗਿਆ ਹੈ, ਆਪਣੇ ਵੇਰਵੇ ਵੀਜ਼ਾ ਇੰਟਾਈਟਲਮੈਂਟ ਵੈਰੀਫਿਕੇਸ਼ਨ ਔਨਲਾਈਨ (VEVO) 'ਤੇ ਭਰੋ।

ਜੇਕਰ ਤੁਹਾਨੂੰ ਆਪਣੇ ਇਮੀਗ੍ਰੇਸ਼ਨ ਮਾਮਲਿਆਂ ਨੂੰ ਸੁਲਝਾਉਣ ਵਿੱਚ ਮੱਦਦ ਦੀ ਲੋੜ ਹੈ ਤਾਂ ਸਾਡੀ 'ਸਟੇਟਸ ਰੈਜ਼ੋਲਿਊਸ਼ਨ ਸਰਵਿਸ' (SRS) ਤੁਹਾਡੀ ਮੱਦਦ ਕਰ ਸਕਦੀ ਹੈ। SRS ਅਧਿਕਾਰੀ ਇਹ ਕਰ ਸਕਦੇ ਹਨ:

- ਅੜਿੱਕਿਆਂ ਜਾਂ ਰੁਕਾਵਟਾਂ ਨੂੰ ਹੱਲ ਕਰ, ਜੋ ਕੇਸ ਦੇ ਹੱਲ ਨੂੰ ਰੋਕਦੇ ਹਨ
- ਇਮੀਗ੍ਰੇਸ਼ਨ ਤਰੀਕਿਆਂ ਜਾਂ ਰਵਾਨਗੀ ਦੇ ਵਿਕਲਪਾਂ ਬਾਰੇ ਸਪੱਸ਼ਟ ਜਾਣਕਾਰੀ ਪ੍ਰਦਾਨ ਕਰ
- ਯੋਗ ਲੋਕਾਂ ਨੂੰ ਬ੍ਰਿਜਿੰਗ ਵੀਜ਼ਾ ਦੇ, ਜੋ ਵਰਤਮਾਨ ਵਿੱਚ ਗ਼ੈਰ-ਕਾਨੂੰਨੀ ਹਨ।

ਸਟੇਟਸ ਰੈਜ਼ੋਲਿਊਸ਼ਨ ਸਰਵਿਸ 'ਤੇ ਹੋਰ ਜਾਣੋ।

# ਤੁਹਾਡੀ ਵੀਜ਼ਾ ਅਰਜ਼ੀ ਬਾਰੇ ਮੱਦਦ

ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਸੁਰੱਖਿਆ ਵੀਜ਼ੇ ਲਈ ਯੋਗ ਹੋ ਜਾਂ ਨਹੀਂ, ਤੁਹਾਨੂੰ ਸ਼ਰਨਾਰਥੀ ਅਤੇ ਪ੍ਰਵਾਸ ਕਾਨੂੰਨ ਦੇ ਮਾਹਰ ਪ੍ਰਦਾਤਾਵਾਂ ਤੋਂ ਮੁਫ਼ਤ ਕਾਨੂੰਨੀ ਮੱਦਦ ਲੈਣ ਲਈ ਪੁਰਜ਼ੋਰ ਨਾਲ ਉਤਸ਼ਾਹਿਤ ਕੀਤਾ ਜਾਂਦਾ ਹੈ।